


# ਛੋਟੀ ਸਕ੍ਰੀਨ ਦੀ ਸਭ ਤੋਂ ਵੱਡੀ ਨਿਰਮਾਤਾ ਜਤਿੰਦਰ ਦੀ ਬੇਟੀ ਏਕਤਾ

## 'ਕਲਰ' ਤੇ ਚਲ ਰਹੇ ਮੇਰੇ ਟੀ ਵੀ. ਸੀਰੀਅਲ "ਨਾਗਿਨ" ਨੂੰ ਸਾਡੀ ਉਮੀਦ ਤੋਂ ਵੱਡਾ ਹੁੰਗਾਰਾ -ਏਕਤਾ ਕਪੂਰ



ਬੇਸ਼ੱਕ ਅੱਜ ਭਾਰਤੀ ਚੈਨਲਾਂ ਤੇ ਡੇਲੀ ਸੋਪ ਸੀਰੀਅਲਾਂ ਦਾ ਹੜ ਆਇਆ ਹੋਇਆ ਹੈ ਪਰ ਜਤਿੰਦਰ ਕਪੂਰ ਦੀ ਬੇਟੀ ਏਕਤਾ ਕਪੂਰ ਅੱਜ ਛੋਟੀ ਸਕ੍ਰੀਨ ਦੀ ਸਭ ਤੋਂ ਵੱਡੀ ਨਿਰਮਾਤਾ ਹੈ, ਜਿਸ ਦਾ ਹਰੇਕ ਚੈਨਲ ਤੇ ਸੀਰੀਅਲ ਦੇਖਣ ਨੂੰ ਮਿਲ ਰਿਹਾ ਹੈ। ਉਸ ਨੇ ਮੀਡਿਆ ਮੀਟਿੰਗ 'ਚ ਦਸਿਆ ਕਿ ਕਲਰ ਚੈਨਲ ਤੇ ਉਸਦੇ ਸੀਰੀਅਲ 'ਨਾਗਿਨ' ਨੂੰ ਸਾਡੀ ਉਮੀਦ ਤੋਂ ਵੱਡਾ ਹੁੰਗਾਰਾ ਮਿਲਿਆ ਹੈ। ਏਕਤਾ ਕਪੂਰ ਨੇ ਕਿਹਾ ਕਿ ਹੁਣ ਮੇਰਾ ਹੋਰ ਸੀਰੀਅਲ 'ਪਿਆਰ ਹੋ ਜਾਣੇ ਦੋ' ਆ ਰਿਹਾ ਹੈ ਜੋ ਦੋ ਵੱਖੋ ਵੱਖਰੇ ਦੇਸ਼ਾਂ ਦੇ ਲੋਕਾਂ ਦੀ ਜ਼ਿੰਦਗੀ ਤੇ ਅਧਾਰਤ ਹੈ ਅਤੇ ਉਮੀਦ ਹੈ ਲੋਕ ਉਸ ਨੂੰ ਵੀ ਹਮੇਸ਼ਾਂ ਦੀ ਤਰਾਂ ਪਿਆਰ ਦੇਣਗੇ। ਏਕਤਾ ਨੇ ਕਿਹਾ ਕਿ ਮੈ ਹਮੇਸ਼ਾਂ ਲੋਕਾਂ ਦੀ ਨਬਜ਼ ਪਛਾਣ ਕੇ ਪ੍ਰੋਜੈਕਟ ਤਿਆਰ ਕਰਦੀ ਹਾਂ।

ਡਾ. ਮਨਜੀਤ ਸਿਘ ਸਰਾਂ




## ਦਲਿਤ ਦੀ ਲੀਹ ਤੋੜ ਕੇ ਵੱਖਰੀ ਮਿਸਾਲ ਪੇਸ਼ ਕਰਨ ਦਾ ਸੁਨੇਹਾ ਦਿੰਦੀ ਹੈ ਫਿਲਮ 'ਕਿਆ ਫਰਕ ਪੜਤਾ ਹੈ'



ਮੋਗਾ- ਫਿਲਮ ਦੀ ਸਟਾਰ ਕਾਸਟ ਟੀਮ ਪੰਕਜ ਬੇਰੀ, ਨੇਵੀ ਜੱਸਲ, ਕਲਪਨਾ ਸਾਹ ਅਤੇ ਸੁਮਿਤ ਮਾਣਕ ਮੋਗਾ ਸ਼ਹਿਰ ਦੇ ਲੁਧਿਆਣਾ ਦੇ ਲੁਧਿਆਣਾ ਰੋਡ 'ਤੇ ਸਥਿਤ ਈ-ਸਕੂਲ ਆਇਲਟਸ ਵਿਖੇ ਪੁੱਜੀ। ਫਿਲਮ ਦੀ ਕਹਾਣੀ ਬਾਰੇ ਗੱਲ ਕਰਦਿਆਂ ਫਿਲਮ ਨਿਰਦੇਸ਼ਕ ਨਰੇਸ਼ ਕੁਮਾਰ ਅਤੇ ਪੰਕਾਜ ਬੇਰੀ ਨੇ ਕਿਹਾ ਦੱਸਿਆ ਕਿ ਫਿਲਮ ਦਲਿਤਵਾਦ ਖਿਲਾਫ ਇੱਕ ਦਲਿਤ ਨੌਜਵਾਨ ਦੀ ਕਾਮਯਾਬੀ ਦੀ ਕਹਾਣੀ ਹੈ, ਜੋ ਉੱਚ ਜਾਤੀ ਨਾਲ ਸਿੱਧੀ ਟੱਕਰ ਲੈਣ ਦੀ ਬਜਾਏ ਕੁੱਝ ਵੱਖਰਾ ਕਰਕੇ ਆਪਣੀ ਪਛਾਣ ਬਣਾਉਣੀ ਚਾਹੁੰਦਾ ਹੈ।

ਉਹਨਾਂ ਕਿਹਾ ਕਿ ਭਾਵੇਂ ਕਾਮਰੇਡ ਬੰਤ ਸਿਘ ਦਲਿਤਾਂ ਨੂੰ ਖੜੇ ਕੇ ਤੇ ਲਲਕਾਰ ਕੇ ਪੰਜਾਬ 'ਚ ਜਾਤੀਵਾਦ ਖਿਲਾਫ ਡਟਣ ਦਾ ਸੁਨੇਹਾ ਦਿੰਦਾ ਹੈ। ਪਰ ਲੀਹ ਤੋਂ ਇਕ ਦਮ ਪਾਸੇਂ ਹਟਵੀਂ ਫਿਲਮ 'ਕਿਆ ਫਰਕ ਪੜਤਾ ਹੈ' ਅਜਿਹੀ ਫਿਲਮ ਹੈ ਜੋ ਦਲਿਤ ਦੀ ਲੀਹ ਤੋੜ ਕੇ ਕੁਝ ਖਾਸ ਬਣ ਕੇ ਦਿਖਾਉਣ ਅਤੇ ਜਾਤੀਵਾਦ ਨੂੰ ਮੂੰਹ ਤੋੜਵਾਂ ਜਵਾਬ ਕੋਈ ਮੁਕਾਮ ਹਾਸਲ ਕਰਕੇ ਦੇਣ ਦਾ ਸੁਨੇਹਾ ਦਿੰਦੀ ਹੈ ਨਾ ਕਿ ਆਹਮੋ-ਸਾਹਮਣੇ ਟੱਕਰ ਲਾ ਕੇ। ਭਾਵੇਂ ਪੰਜਾਬ 'ਚ ਜੱਟਵਾਦ ਦੇ ਗਾਣਿਆਂ ਤੇ ਫਿਲਮਾਂ ਦਾ ਦੌਰ ਚੱਲ ਰਿਹਾ ਹੈ ਪਰ ਦਲਿਤਾਂ 'ਤੇ ਹੁੰਦੇ ਜ਼ੁਲਮਾਂ ਅਤੇ ਦਲਿਤਾਂ ਨਾਲ ਪੰਜਾਬ 'ਚ ਹੁੰਦੇ ਆ ਰਹੇ ਭੇਦ ਭਾਵ ਦੇ ਖਿਲਾਫ ਇਕ ਨਵਾਂ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਫਿਲਮ ਰਾਹੀਂ ਨਵਾਂ ਸ਼ਹਿਰ ਤੇ ਨਕੋਦਰ ਦੇ ਇਲਾਕੇ 'ਚ ਸ਼ੂਟ ਕੀਤੀ ਗਈ। ਇਸ ਫਿਲਮ ਵਿੱਚ ਹਿੰਦੀ ਭਾਸ਼ਾ ਨੂੰ ਪੰਜਾਬੀ ਟੱਚ ਦਿੱਤਾ ਗਿਆ ਹੈ ਤੇ ਮਾਲਵੇ 'ਚ ਦਲਿਤਾਂ ਨਾਲ ਹੁੰਦੇ ਭੇਦਭਾਵ ਨੂੰ ਬਾਖੂਬੀ ਦਿਖਾਇਆ ਗਿਆ ਹੈ। ਬਾਲੀਵੁੱਡ ਦੀ ਇਹ ਪਹਿਲੀ ਅਜਿਹੀ ਫਿਲਮ ਹੈ ਜੋ ਦਲਿਤਾਂ ਨਾਲ ਪੰਜਾਬ 'ਚ ਸਮਾਜਿਕ ਨਾ-ਬਰਾਰਬਰੀ ਕਾਰਨ ਹੋ ਰਹੇ ਭੇਦਭਾਵ ਨੂੰ ਬਿਆਨ ਕਰਕੇ ਇਕ ਵੱਖਰਾ ਹੱਲ ਕੱਢਦੀ ਦਿਖਾਈ ਦਿੰਦੀ ਹੈ।

ਫਿਲਮ ਦੇ ਹੀਰੋ ਪੰਕਜ ਬੇਰੀ ਅਨੁਸਾਰ ਫਿਲਮ 'ਚ ਇੱਕ ਵੱਖਰੀ ਤਰ੍ਹਾਂ ਦਾ ਸੁਨੇਹਾ ਹੈ ਤੇ ਬੱਚਿਆਂ ਨੂੰ ਇਹ ਫਿਲਮ ਜ਼ਰੂਰ ਦਿਖਾਉਣੀ ਚਾਹੀਦੀ ਹੈ। ਫਿਲਮ ਦੀ ਕਹਾਣੀ ਨੇਵੀ ਜੱਸਲ ਦੁਆਰਾ ਲਿਖੀ ਗਈ ਹੈ। ਸਕਰੀਨ ਤੇ ਡਾਇਲਾਗ ਐਸ.ਪੀ. ਸਿੰਘ ਦੁਆਰਾ ਲਿਖੇ ਗਏ ਹਨ। ਇਹ ਫਿਲਮ ਜਤਿੰਦਰ ਕੇ ਜਸਵਾਲ ਦੁਆਰਾ ਨਿਰਦੇਸ਼ਤ ਕੀਤੀ ਗਈ ਹੈ ਤੇ ਪ੍ਰੋਡਿਊਸਰ ਨਰੇਸ਼ ਕੁਮਾਰ ਹਨ। ਫਿਲਮ ਦੇ ਸਾਰੇ ਗਾਣੇ ਮੁਹੰਮਦ ਇਰਫਾਨ, ਸਾਂਝ ਬੀ, ਜਾਵੇਦ ਅਲੀ ਤੇ ਮੰਜੀਤ ਉਪਲ ਦੁਆਰਾ ਗਾਏ ਗਏ ਹਨ। ਫਿਲਮ ਦਾ ਮਿਊਜ਼ਿਕ ਸਾਂਝ ਬੀ ਨੇ ਦਿੱਤਾ ਹੈ। ਫਿਲਮ ਜੱਸਲ ਫਿਲਮਜ਼ ਆਸਟਰੀਆ ਦਾ ਪ੍ਰੋਜੈਕਟ ਹੈ।

ਇਸ ਮੌਕੇ ਈ-ਸਕੂਲ ਦੇ ਚੀਫ ਐਡਵਾਈਜ਼ਰ ਰਛਪਾਲ ਸਿੰਘ ਨੇ ਫਿਲਮ ਦੀ ਟੀਮ ਦਾ ਧੰਨਵਾਦ ਕੀਤਾ।

## ਹੁਣ ਮੈਂ ਪਹਿਲਾਂ ਵਾਂਗ ਸੈਲਫਿਸ਼ ਨਹੀਂ ਰਹੀ - ਨੀਰੂ ਬਾਜਵਾ



ਅਦਾਕਾਰਾ ਨੀਰੂ ਬਾਜਵਾ ਨੇ ਹਾਲ ਹੀ ਵਿੱਚ ਇੱਕ ਕੁੜੀ ਨੂੰ ਜਨਮ ਦਿੱਤਾ ਹੈ। ਇਹ ਸਮਾਂ ਹਰ ਮਾਂ ਵਾਂਗ ਨੀਰੂ ਲਈ ਵੀ ਬੇਹਦ ਖਾਸ ਹੈ। ਏ ਬੀ ਪੀ ਸਾਂਝਾ ਨਾਲ ਖਾਸ ਗੱਲਬਾਤ ਕਰਦਿਆਂ ਨੀਰੂ ਨੇ ਦੱਸਿਆ, ਮੈਂ ਦੱਸ ਨਹੀਂ ਸਕਦੀ ਕਿ ਮੈਂ ਕਿਨਾਂ ਸਪੈਸ਼ਲ ਫੀਲ ਕਰਦੀ ਹਾਂ। ਮੇਰੀ ਜ਼ਿੰਦਗੀ ਹੁਣ ਪੂਰੀ ਤਰ੍ਹਾਂ ਬਦਲ ਗਈ ਹੈ, ਹੁਣ ਮੈਂ ਸਿਰਫ ਆਪਣੀ ਧੀ ਲਈ ਜਿਉਂਦੀ ਹਾਂ।

ਨੀਰੂ ਨੇ ਆਖਿਆ ਕਿ ਹੁਣ ਮੈਂ ਪਹਿਲਾਂ ਵਾਂਗ ਸੈਲਫਿਸ਼ ਨਹੀਂ ਰਹੀ। ਮੈਂ ਹੁਣ ਜੋ ਵੀ ਕਰਦੀ ਹਾਂ ਸਿਰਫ ਉਸਦੇ ਲਈ। ਇੱਕ ਅਦਾਕਾਰਾ ਹੋਣ ਦੇ ਨਾਤੇ ਪਹਿਲਾਂ ਮੈਂ ਬਹੁਤ ਸੈਲਫਿਸ਼ ਸੀ, ਪਰ ਹੁਣ ਮੇਰੀ ਜ਼ਿੰਦਗੀ ਹੀ ਬਦਲ ਗਈ ਹੈ। ਮੈਂ ਅਤੇ ਹਰਮਿਕਪਾਲ ਬੇਹੱਦ ਲੱਕੀ ਹਾਂ। ਨੀਰੂ ਨੇ ਆਪਣੀ ਕੁੜੀ ਦਾ ਨਾਮ ਅਨਾਯਾ ਕੌਰ ਜਾਵੰਦਾ ਰੱਖਿਆ ਹੈ। ਡੇਢ ਸਾਲ ਪਹਿਲਾਂ ਨੀਰੂ ਦਾ ਵਿਆਹ ਹੋਇਆ ਸੀ।




ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿੱਚ ਕੈਦ ਦੌਰਾਨ ਮਾਰੇ ਗਏ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਜੀਵਨੀ 'ਤੇ ਬਣ ਰਹੀ ਫਿਲਮ 'ਸਰਬਜੀਤ' ਦੀ ਸ਼ੂਟਿੰਗ ਵਿੱਚ ਖਲਲ ਪੈ ਗਿਆ। ਸਰਬਜੀਤ ਦੀ ਅਸਲੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਬਲਜਿੰਦਰ ਕੌਰ ਤੇ ਉਸ ਦੇ ਸਮਰਥਕ ਸ਼ੂਟਿੰਗ ਵਾਲੀ ਥਾਂ ਪਹੁੰਚ ਗਏ ਤੇ ਕਾਲੀਆਂ ਝੰਡੀਆਂ ਲਹਿਰਾ ਕੇ ਫਿਲਮ ਦਾ ਵਿਰੋਧ ਕਰਨ ਲੱਗੇ।

ਫਿਲਮ ਦੀ ਸ਼ੂਟਿੰਗ ਪਿਛਲੇ ਕਈ ਦਿਨਾਂ ਤੋਂ ਸਰਬਜੀਤ ਸਿੰਘ ਦੇ ਜੱਦੀ ਪਿੰਡ ਨਾਰਲੀ ਵਿੱਚ ਚੱਲ ਰਹੀ ਹੈ। ਸਰਬਜੀਤ ਦੀ ਅਸਲੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਬਲਜਿੰਦਰ ਕੌਰ ਲੁਧਿਆਣਾ ਵਿੱਚ ਰਹਿੰਦੀ ਹੈ। ਉਸ ਦਾ ਇਲਜ਼ਾਮ ਹੈ ਕਿ ਦਲਬੀਰ ਕੌਰ ਨੇ ਮੀਡੀਆ ਤੇ ਫਿਲਮ ਦੀ ਟੀਮ ਨੂੰ ਸਰਬਜੀਤ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਹ ਤੱਥਾਂ ਤੋਂ ਕੋਹਾਂ ਦੂਰ ਹੈ। ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਦੇ ਭਰਾ ਦੀ ਜੀਵਨੀ 'ਤੇ ਬਣ ਰਹੀ ਫਿਲਮ ਵਿੱਚ ਲੋਕਾਂ ਨੂੰ ਸੱਚ ਦਿਖਾਇਆ ਜਾਵੇ।

ਬਲਜਿੰਦਰ ਕੌਰ ਵੱਲੋਂ ਜਿਸ ਵੇਲੇ ਫਿਲਮ ਦਾ ਵਿਰੋਧ ਕੀਤਾ ਗਿਆ, ਉਸ ਵੇਲੇ ਐਸ਼ਵਰਿਆ ਰਾਏ ਫਿਲਮ ਦੇ ਸੀਨ ਫ਼ਿਲਮਾ ਰਹੀ ਸੀ¢ ਕੁਝ ਦੇਰ ਹੰਗਾਮਾ ਹੋਣ ਮਗਰੋਂ ਪੁਲਿਸ ਵੀ ਮੌਕੇ 'ਤੇ ਪੁੱਜ ਗਈ ਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਸ਼ੂਟਿੰਗ ਵਾਲੀ ਥਾਂ ਤੋਂ ਦੂਰ ਕਰ ਦਿੱਤਾ ਗਿਆ।

ਸਰਬਜੀਤ ਦੀ ਭੈਣ ਨੇ ਫਿਲਮ 'ਤੇ ਰੋਕ ਲਗਵਾਉਣ ਲਈ ਮਾਮਲਾ ਹਾਈਕੋਰਟ ਲਿਜਾਣ ਦੀ ਗੱਲ ਕਹੀ ਹੈ। ਉਸ ਦਾ ਇਲਜ਼ਾਮ ਹੈ ਕਿ ਪਰਿਵਾਰ ਦੀ ਇਜਾਜ਼ਤ ਬਿਨ੍ਹਾਂ ਕਿਸੇ ਵਿਅਕਤੀ ਦੀ ਨਿੱਜੀ ਜ਼ਿੰਦਗੀ 'ਤੇ ਫ਼ਿਲਮ ਬਣਾਉਣਾ ਗਲਤ ਹੈ। ਅਜਿਹੇ 'ਚ ਬਲਜਿੰਦਰ ਪੁਲਿਸ ਕੋਲ ਵੀ ਸ਼ਿਕਾਇਤ ਦਰਜ ਕਰਵਾ ਸਕਦੀ ਹੈ। ਬਲਜਿੰਦਰ ਕੌਰ ਨੇ ਇਸ ਤੋਂ ਪਹਿਲਾਂ ਫਿਲਮ ਦੇ ਡਾਇਰੈਕਟਰ ਉਮੰਗ ਕੁਮਾਰ ਤੇ ਅਦਾਕਾਰਾ ਐਸ਼ਵਰੀਆ ਰਾਏ ਨੂੰ ਮਈ 2015 'ਚ ਲੀਗਲ ਨੋਟਿਸ ਭੇਜਿਆ ਸੀ। ਨੋਟਿਸ ਦਾ ਜਵਾਬ ਨਾ ਦਿੱਤੇ ਜਾਣ 'ਤੇ ਉਨ੍ਹਾਂ ਫਿਰ ਤੋਂ ਰਿਮਾਇੰਡਰ ਵੀ ਭਿਜਵਾਇਆ ਪਰ ਇਸ ਦੇ ਬਾਵਜੂਦ ਕੋਈ ਜਵਾਬ ਨਾ ਆਉਣ 'ਤੇ ਹੁਣ ਮਾਮਲਾ ਹਾਈਕੋਰਟ ਲਿਜਾਣ ਦਾ ਮਨ ਬਣਾਇਆ ਹੈ।

ਫਿਲਮ ਦੀ ਟੀਮ ਨੂੰ ਸਵਾਲਾਂ ਦੇ ਘੇਰੇ 'ਚ ਖੜ੍ਹਾ ਕਰਨ ਵਾਲੀ ਬਲਜਿੰਦਰ ਕੌਰ ਨੇ ਸਰਬਜੀਤ ਦੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਦਲਬੀਰ ਕੌਰ 'ਤੇ ਵੀ ਗੰਭੀਰ ਇਲਜ਼ਾਮ ਲਾਏ ਹਨ। ਦਾਅਵਾ ਕੀਤਾ ਕਿ ਦਲਬੀਰ ਨਾਲ ਸਰਬਜੀਤ ਦਾ ਕੋਈ ਰਿਸ਼ਤਾ ਨਹੀਂ ਸੀ। ਇਸ ਲਈ ਉਹ ਡੀ ਐਨ ਏ ਟੈਸਟ ਕਰਵਾ ਕੇ ਸੱਚ ਸਾਹਮਣੇ ਲਿਆਉਣ ਦੀ ਮੰਗ ਵੀ ਕਰ ਰਹੀ ਹੈ। ਬਲਜਿੰਦਰ ਨੇ ਪਾਕਿਸਤਾਨ ਦੀ ਜੇਲ੍ਹ 'ਚ ਸਰਬਜੀਤ ਦੇ ਕਤਲ ਪਿੱਛੇ ਵੀ ਦਲਬੀਰ ਕੌਰ ਦਾ ਹੱਥ ਹੋਣ ਦੇ ਗੰਭੀਰ ਇਲਜ਼ਾਮ ਲਗਾਏ ਹਨ।

ਧੰਨਵਾਦ ਸਹਿਤ ਏ ਬੀ ਪੀ ਸਾਂਝਾ